# ਪਰਮੇਸ਼ਰ ਖੁਸ਼ੀ ਨਾਲ ਦੇਣ ਵਾਲੇ ਨੂੰ ਪਿਆਰ ਕਰਦਾ ਹੈ

2 ਕੁਰਿੰਥੀਆਂ 9:7 ਫ੍ਰੈਂਕਲਿਨ ਦੇ ਨੋਟਸ

## ਲੂਕਾ 7:36-50: ਫਰੀਸੀ ਅਤੇ ਪਾਪੀ

### ਆਇਤ 36-38 **ਕੀ ਤੁਸੀਂ ਅਜਿਹਾ ਕਰੋਗੇ? ਉਸ ਨੇ ਅਜਿਹਾ ਕਿਉਂ ਕੀਤਾ?**

- ਉਸ ਨੇ **ਵਿਸ਼ਵਾਸ ਕੀਤਾ** ਕਿ ਯਿਸੂ ਮਸੀਹ ਹੈ, ਮੁਕਤੀਦਾਤਾ ਹੈ।
- ਉਹ ਜਾਣਦੀ ਸੀ ਕਿ ਉਹ ਪਾਪੀ ਹੈ ਅਤੇ **ਯਿਸੂ ਪਾਪੀਆਂ ਨੂੰ ਪਿਆਰ ਕਰਦਾ ਸੀ** ਅਤੇ **ਉਸ ਨੂੰ ਕਬੂਲ ਕਰੇਗਾ**! ਲੂਕਾ 5:27-30 ਯੂਹੰਨਾ 8:3, 10-11
- ਉਹ ਜਾਣਦੀ ਸੀ ਕਿ ਉਹ **ਜੋ ਕੁਝ ਦੇ ਰਹੀ ਸੀ ਅਤੇ ਕਰ ਰਹੀ ਸੀ** ਯਿਸੂ ਉਸ ਦੇ ਯੋਗ ਸੀ।
- ਉਸ ਦੇ ਵਿਸ਼ਵਾਸ ਨੇ ਉਸ ਦੇ ਕੰਮਾਂ ਨੂੰ **ਪ੍ਰੇਰਿਤ ਕੀਤਾ** ਅਤੇ ਉਸ ਨੂੰ ਹੇਠ ਲਿਖੀਆਂ ਗੱਲਾਂ ਦੇ ਪ੍ਰਤੀ **ਨਿਸ਼ਚਿੰਤ ਕਰ ਦਿੱਤਾ**:

  (1) ਇਸ **ਡਰ** ਦੇ ਪ੍ਰਤੀ ਕਿ ਲੋਕ ਉਸ ਦੇ ਬਾਰੇ ਕੀ ਸੋਚਣਗੇ (1 ਯੂਹੰਨਾ 4:18)

  (2) ਭਵਿੱਖ ਦੇ **ਪ੍ਰਬੰਧ** ਦੇ **ਡਰ** ਦੇ ਪ੍ਰਤੀ – ਜਿਸ ਦੇ ਕਾਰਨ ਉਹ ਆਪਣਾ ਕੀਮਤੀ ਸਮਾਨ ਆਪਣੇ ਕੋਲ ਰੱਖ ਸਕਦੀ ਸੀ।

### ਆਇਤ 39 **ਫਰੀਸੀ ਕੀ ਵਿਸ਼ਵਾਸ ਕਰਦਾ ਸੀ?**

- ਯਿਸੂ ਇੱਕ ਦਿਲਯਸਪ ਵਿਅਕਤੀ ਹੈ। ਇੱਕ ਚੰਗਾ ਉਪਦੇਸ਼ਕ ਹੈ।
- ਯਿਸੂ ਨਬੀ ਨਹੀਂ ਸੀ ਕਿਉਂਕਿ ਉਸ ਨੇ ਇੱਕ ਪਾਪੀ ਨੂੰ ਕਬੂਲ ਕਰ ਲਿਆ ਸੀ।
- ਇਸਤਰੀ ਪਾਪੀ ਸੀ ਪਰ ਉਹ ਆਪ ਪਾਪੀ ਨਹੀਂ ਸੀ।

### ਆਇਤ 40-43 **ਅਸੀਂ ਇਸ ਤੋਂ ਕੀ ਸਿੱਖ ਸਕਦੇ ਹਾਂ?**

- ਮੈਂ ਜਿੰਨਾ ਜਿਆਦਾ ਇਹ ਸਿਆਣਦਾ ਜਾਵਾਂਗਾ ਕਿ ਮੈਨੂੰ ਕਿੰਨੀ ਜਿਆਦਾ ਮਾਫੀ ਮਿਲੀ ਹੈ, ਯਿਸੂ ਦੇ ਲਈ ਮੇਰਾ ਪ੍ਰੇਮ ਓਨਾ ਹੀ ਜਿਆਦਾ ਹੁੰਦਾ ਜਾਵੇਗਾ।

ਆਇਤ 44-46 ਇਹ ਇੱਕ ਅੰਤਰ ਹੈ:

(1) ਇੱਕ ਸਖਤ, ਧਾਰਮਿਕ ਹਿਰਦੇ ਅਤੇ

(2) ਇੱਕ ਸ਼ੁਕਰਗੁਜਾਰ ਹਿਰਦੇ ਵਿੱਚ, ਜਿਹੜਾ ਅਰਾਧਨਾ, ਸਮਾਂ ਅਤੇ ਧਨ ਦਿਲ ਖੋਲ੍ਹ ਕੇ ਦਿੰਦਾ ਹੈ।

ਆਇਤ 47-50 . . . . ਉਸ ਨੇ ਉਸ ਇਸਤਰੀ ਨੂੰ ਆਖਿਆ, **ਤੇਰੀ ਨਿਹਚਾ ਨੇ ਤੈਨੂੰ ਬਚਾਇਆ ਹੈ**,

ਯਿਸੂ ਦੇ ਲਈ ਉਸ ਦੀ **ਸ਼ੁਕਰਗੁਜਾਰੀ** ਅਤੇ **ਪ੍ਰੇਮ** ਨੇ ਉਸ ਦੇ **ਵਿਸ਼ਵਾਸ** ਨੂੰ **ਪ੍ਰੇਰਿਤ** ਕੀਤਾ।

ਗਲਾਤੀਆਂ 5:6 ਕਿਉਂ ਜੋ ਮਸੀਹ ਯਿਸੂ ਵਿੱਚ ਨਾ ਤਾਂ ਸੁੰਨਤ, ਨਾ ਹੀ ਅਸੁੰਨਤ (ਧਾਰਮਿਕ ਕਰਮਕਾਂਡ) ਤੋਂ ਕੁਝ ਬਣਦਾ ਹੈ ਸਗੋਂ **ਨਿਹਚਾ ਤੋਂ ਜਿਹੜੀ ਪ੍ਰੇਮ ਦੇ ਰਾਹੀਂ** (DI') **ਗੁਣਕਾਰ ਹੁੰਦੀ ਹੈ।**

- (DI') ਦੇ ਕਾਰਨ, ਜਾਂ ਦੁਆਰਾ। ਕੰਮ ਦਾ ਜ਼ਰੀਆ

ਸਾਡਾ ਸਕਬਉੱਚ ਮਿਹਨਤੀ, ਸਮਰਪਿਤ ਧਰਮ ਕੁਝ ਵੀ ਨਹੀਂ ਹੈ। ਜੋ ਗੱਲ ਮਾਇਨੇ ਰੱਖਦੀ ਹੈ, ਜੋ ਕਿਤੇ ਵਧ ਮਹੱਤਵਪੂਰਨ ਹੈ, ਉਹ ਹੈ: **ਪ੍ਰੇਮ ਤੋਂ ਪ੍ਰੇਰਿਤ ਵਿਸ਼ਵਾਸ।** ਕਹਾਉਤਾਂ 16:2 ਯਹੋਵਾਹ ਰੂਹਾਂ ਨੂੰ ਜਾਚਦਾ ਹੈ। 1 ਕੁਰਿੰਥੀਆਂ 4:5 . . . ਪਰਗਟ ਕਰੇਗਾ

- **ਜਿਨਾ ਜਿਆਦਾ ਸਾਡਾ ਪ੍ਰੇਮ ਵਧੇਗਾ, ਓਨਾ ਹੀ ਜਿਆਦਾ ਸਾਡਾ ਵਿਸ਼ਵਾਸ ਵਧੇਗਾ।**
- ਅਸੀਂ ਜਿੰਨਾ ਜਿਆਦਾ ਸਿਆਣਦੇ ਜਾਵਾਂਗੇ ਕਿ ਅਸੀਂ ਕਿੰਨੇ ਪਾਪੀ ਹਾਂ, ਅਸੀਂ ਓਨੇ ਹੀ ਜਿਆਦਾ ਸ਼ੁਕਰਗੁਜਾਰ ਹੁੰਦੇ ਜਾਵਾਂਗੇ ਅਤੇ **ਯਿਸੂ ਦੇ ਲਈ ਸਾਡਾ ਪ੍ਰੇਮ ਓਨਾ ਹੀ ਵਧਦਾ ਜਾਵੇਗਾ।**
  ਪੌਲੁਸ ਦਾ ਉਦਾਹਰਨ: 1 ਕੁਰਿੰਥੀਆਂ 15:9 ਸਭ ਤੋਂ ਛੋਟਾ ਰਸੂਲ; ਅਫ਼ਸੀਆਂ 3:8 ਸੰਤ; 1 ਤਿਮੋਥਿਉਸ 1:15 ਪਾਪੀ

ਮੁੱਖ ਮਸਲਾ ਅਤੇ ਸਭ ਤੋਂ ਵਧ ਮਹੱਤਵਪੂਰਨ ਅਤੇ ਮੁੱਢਲੀ ਗੱਲ ਇਹ ਹੈ ->
ਯਿਸੂ ਦੇ ਲਈ ਸਾਡਾ ਪ੍ਰੇਮ !

ਅਤੇ ਯਿਸੂ ਦੇ ਲਈ ਸਾਡਾ ਪ੍ਰੇਮ ਇਸ ਗੱਲ ਤੋਂ ਨਿਰਧਾਰਿਤ ਹੁੰਦਾ ਹੈ ਕਿ ਅਸੀਂ ਆਪਣੇ ਪਾਪ ਨੂੰ ਕਿੰਨੀ ਸਪਸ਼ਟਤਾ ਨਾਲ ਵੇਖਦੇ ਹਾਂ ਅਤੇ ਅਸੀਂ ਉਸ ਦੀ ਸਲੀਬ ਨੂੰ ਅਤੇ ਉਸ ਪ੍ਰੇਮ ਨੂੰ ਕਿੰਨੀ

ਸਪਸ਼ਟਤਾ ਨਾਲ ਵੇਖਦੇ ਹਾਂ ਜਿਹੜਾ ਉਸ ਨੂੰ ਸਾਡੀ ਮਾਫੀ ਦੇ ਲਈ ਉਸ ਸਲੀਬ ਤੇ ਲੈ ਕੇ ਗਿਆ ਅਤੇ ਉਸ ਨੂੰ ਉੱਥੇ ਟੰਗਿਆ।

ਫ਼ਿਲਿੱਪੀਆਂ 2:5-9     ਕੁਲੁੱਸੀਆਂ 2:13-15

## ਯਿਸੂ ਦੇ ਲਈ ਸਾਡੇ ਪ੍ਰੇਮ ਦਾ ਪਰਿਮਾਪ ਨਿਰਧਾਰਿਤ ਕਰਦਾ ਹੈ ਕਿ:

1. ਅਸੀਂ ਕਿੰਨੀ ਛੇਤੀ ਤੋਬਾ ਕਰਦੇ ਹਾਂ। (1 ਥੱਸਲੁਨੀਕੀਆਂ 1:9)
   (ਅਸੀਂ ਕਿੰਨੇ ਜਿਆਦਾ ਪਾਪ ਤੋਂ ਫਿਰਦੇ ਹਾਂ ਅਤੇ ਮਾਫੀ ਲਈ ਯਿਸੂ ਕੋਲ ਆਉਂਦੇ ਹਾਂ)
2. ਅਸੀਂ ਦੂਜਿਆਂ ਦੇ ਸਾਹਮਣੇ ਕਿੰਨੇ ਦਿਲੇਰ ਹਾਂ (ਉਹ ਇਸਤਰੀ ਬਹੁਤ ਦਿਲੇਰ ਸੀ)
3. ਅਸੀਂ ਕਿੰਨਾ ਦਿਲ ਖੋਲ੍ਹ ਕੇ ਅਰਾਧਨਾ ਕਰਦੇ ਹਾਂ (ਉਸ ਨੇ ਬਹੁਤ ਜਿਆਦਾ ਦਿਲ ਖੋਲ੍ਹ ਕੇ ਅਰਾਧਨਾ ਕੀਤੀ)
4. **ਅਸੀਂ ਕਿੰਨਾ ਦਿਲ ਖੋਲ੍ਹ ਕੇ ਦਿੰਦੇ ਹਾਂ**

## ਸਾਡੇ ਪ੍ਰੇਮ ਦਾ ਪਰਿਮਾਪ -> **ਸਾਡੇ ਦੇਣ** ਵਿੱਚ ਦਿਖਾਈ ਦਿੰਦਾ ਹੈ

ਤੁਸੀਂ ਕਿਸੇ ਵਿਅਕਤੀ ਦੀ ਅਰਾਧਨਾ ਅਤੇ ਸਰਾਹਨਾ ਵਿੱਚ **ਦੇਣ** ਦੇ ਪਰਿਮਾਪ ਨਾਲ ਦੱਸ ਸਕਦੇ ਹੋ ਕਿ ਉਹ ਇੱਕ ਸ਼ੁਕਰਗੁਜਾਰ ਪਾਪੀ ਹੈ।

ਦੂਜਿਆਂ ਦੇ ਲਈ ਸਾਡੇ ਪ੍ਰੇਮ ਅਤੇ ਸਾਡੀ ਸਰਾਹਨਾ ਦਾ ਪਰਿਮਾਪ ਇਸ ਵਿੱਚ ਦਿਖਾਈ ਦਿੰਦਾ ਹੈ ਕਿ ਅਸੀਂ ਉਨ੍ਹਾਂ ਦੇ ਲਈ ਕੀ ਕਰਦੇ ਹਾਂ!

ਸਾਡੇ ਪ੍ਰਭੂ . . . ਅਤੇ . . . ਸਾਡੇ ਜੀਵਨਸਾਥੀ ਦੋਹਾਂ ਦੇ ਲਈ।

ਮੱਤੀ 7:20 ਤੁਸੀਂ ਉਨ੍ਹਾਂ ਦੇ ਫਲਾਂ ਤੋਂ ਉਨ੍ਹਾਂ ਨੂੰ ਪਛਾਣੋਗੇ।

ਸਾਡੇ ਲਈ ਸਾਡੇ ਪਿਤਾ ਦੇ ਪ੍ਰੇਮ ਦਾ ਪਰਿਮਾਪ ਯੂਹੰਨਾ **3:16** ਵਿੱਚ ਦਿਖਾਈ ਦਿੰਦਾ ਹੈ।

ਕਿਉਂਕਿ ਪਰਮੇਸ਼ਰ ਨੇ ਜਗਤ ਨੂੰ ਅਜਿਹਾ **ਪਿਆਰ ਕੀਤਾ** ਜੋ ਉਹ ਨੇ ਆਪਣਾ ਇਕਲੌਤਾ ਪੁੱਤਰ...**ਦਿੱਤਾ**

ਪ੍ਰੇਮ --> ਦਿੰਦਾ ਹੈ --> ਸਾਡੇ ਪ੍ਰੇਮ ਦਾ ਪਰਿਮਾਪ ਇਸ ਵਿੱਚ ਦਿਖਾਈ ਦਿੰਦਾ ਹੈ ਕਿ ਅਸੀਂ ਕੀ ਦਿੰਦੇ ਹਾਂ ਅਤੇ ਕਿਵੇਂ ਦਿੰਦੇ ਹਾਂ !

ਆਪਣਾ ਆਪ > ਆਪਣਾ ਸਮਾਂ > ਆਪਣਾ ਧਨ

ਕਿਉਂਕਿ ਜਿੱਥੇ **ਤੇਰਾ ਧਨ** ਹੈ ਉੱਥੇ **ਤੇਰਾ ਮਨ ਵੀ ਹੋਵੇਗਾ।** ਮੱਤੀ 6:21

ਪ੍ਰਭੂ ਦਾ ਹਿਰਦਾ ਉਸ ਦੇ ਧਨ ਦੇ ਨਾਲ ਹੈ –> ਲੋਕਾਂ ਦੇ ਨਾਲ !

ਉਸ ਦੇ ਧਨ ਦਾ ਮੁੱਲ ਉਸ ਕੀਮਤ ਤੋਂ ਪਤਾ ਚੱਲਦਾ ਹੈ ਜੋ ਉਸ ਨੇ ਖਰੀਦਣ ਲਈ ਅਦਾ ਕੀਤੀ ਹੈ। ਸੋ, ਤੁਸੀਂ ਕਿੰਨੇ ਮੁੱਲਵਾਨ ਹੋ? 1 ਯੂਹੰਨਾ 4:9-10, 19

1 ਪਤਰਸ 1:18-19

ਲੂਕਾ 19:10 ਕਿਉਂ ਜੋ ਮਨੁੱਖ ਦਾ ਪੁੱਤਰ ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਲਈ ਆਇਆ ਹੈ। ਲੋਕਾਂ ਨੂੰ !

- ਪ੍ਰੇਮ ਮਗਰ ਲੱਗਾ ਰਹਿੰਦਾ ਹੈ: ਇਹ ਸਾਡੇ ਪ੍ਰੇਮ ਤੋਂ ਨਿਰਧਾਰਿਤ ਹੁੰਦਾ ਹੈ ਕਿ ਅਸੀਂ ਕਿੰਨੀ ਇਮਾਨਦਾਰੀ ਨਾਲ ਉਸ ਦੇ ਮਗਰ ਲੱਗੇ ਰਹਿੰਦੇ ਹਾਂ

ਲੂਕਾ 15:3-7 ਤਾਂ ਉਸ ਨੇ ਉਨ੍ਹਾਂ ਨੂੰ ਇਹ ਦ੍ਰਿਸ਼ਟਾਂਤ ਦੇ ਕੇ ਆਖਿਆ, "ਤੁਸਾਂ ਵਿੱਚੋਂ ਕਿਹੜਾ ਮਨੁੱਖ ਹੈ ਜਿਹ ਦੇ ਕੋਲ ਸੌ ਭੇਡਾਂ ਹੋਣ ਅਰ ਜੇ ਉਨ੍ਹਾਂ ਵਿੱਚੋਂ ਇੱਕ ਗੁਆਚ ਜਾਵੇ ਤਾਂ ਉਹ ਉਨ੍ਹਾਂ ਨੜਿੰਨਵਿਆਂ ਨੂੰ ਉਜਾੜ ਵਿੱਚ ਛੱਡ ਕੇ **ਉਸ ਗੁਆਚੀ ਹੋਈ ਦੀ ਭਾਲ ਵਿੱਚ ਨਾ ਜਾਵੇ** ਜਦ ਤਾਈਂ ਉਹ ਉਸ ਨੂੰ ਨਾ ਲੱਭੇ? ਅਰ ਜਾਂ ਲੱਭ ਪਵੇ ਤਾਂ ਉਹ ਨੂੰ ਖੁਸ਼ੀ ਨਾਲ ਆਪਣਿਆਂ ਮੋਢਿਆਂ ਉੱਤੇ ਰੱਖ ਲੈਂਦਾ। ਅਤੇ ਘਰ ਜਾ ਕੇ ਆਪਣੇ ਮਿੱਤ੍ਰਾਂ ਅਤੇ ਗੁਆਂਢੀਆਂ ਨੂੰ ਇਕੱਠੇ ਬੁਲਾਉਂਦਾ ਅਤੇ ਉਨ੍ਹਾਂ ਨੂੰ ਆਖਦਾ ਹੈ ਭਈ ਮੇਰੇ ਨਾਲ **ਅਨੰਦ ਕਰੋ** ਕਿਉਂ ਜੋ ਮੈਂ ਆਪਣੀ ਗੁਆਚੀ ਹੋਈ ਭੇਡ ਲੱਭੀ ਹੈ। ਮੈਂ ਤੁਹਾਨੂੰ ਆਖਦਾ ਹਾਂ ਜੋ ਇਸੇ ਤਰਾਂ **ਸੁਰਗ ਵਿੱਚ** ਇੱਕ ਤੋਬਾ ਕਰਨ ਵਾਲੇ ਪਾਪੀ ਦੇ ਕਾਰਨ ਨੜਿੰਨਵਿਆਂ ਧਰਮੀਆਂ ਨਾਲੋਂ ਜਿਨ੍ਹਾਂ ਨੂੰ ਤੋਬਾ ਕਰਨ ਦੀ ਲੋੜ ਨਹੀਂ **ਬਹੁਤ ਖੁਸ਼ੀ ਹੋਵੇਗੀ।**" ਵੇਖੋ ਇਬਰਾਨੀਆਂ 12:2 ਉਸ ਅਨੰਦ ਨਮਿੱਤ ਜੋ ਉਹ ਦੇ ਅੱਗੇ ਧਰਿਆ ਹੋਇਆ ਸੀ...

ਯਿਸੂ ਦਾ ਹਿਰਦਾ ਲੋਕਾਂ ਦੇ ਲਈ ਹੈ ਅਤੇ ਖ਼ਾਸ ਤੌਰ ਤੇ ਗੁਆਚੇ ਹੋਇਆਂ ਦੇ ਲਈ।

- ਮਿਸ਼ਨ ਉੱਤੇ ਕੇਂਦਰਿਤ ਕਲੀਸੀਆ ਜਾਂ ਕਿਸੇ ਮਿਸ਼ਨ ਸੰਸਥਾ ਨੂੰ ਦੇਣ ਤੋਂ ਪ੍ਰਭੂ ਪ੍ਰਸੰਨ ਹੁੰਦਾ ਹੈ।

ਇੱਕ ਆਇਤ ਜਿਸ ਨੂੰ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਅਤੇ ਅਕਸਰ ਬੋਲਣਾ ਪਸੰਦ ਕਰਦੇ ਹਾਂ:

- ਫ਼ਿਲਿੱਪੀਆਂ 4:19 **ਮੇਰਾ ਪਰਮੇਸ਼ਰ ਤੇਜ ਵਿੱਚ ਆਪਣੇ ਧਨ ਦੇ ਅਨੁਸਾਰ ਤੁਹਾਡੀ ਹਰੇਕ ਥੁੜ ਨੂੰ ਮਸੀਹ ਯਿਸੂ ਵਿੱਚ ਸੰਪੂਰਨ ਕਰੇਗਾ।**

## ਯਿਸੂ ਹਰੇਕ ਥੁੜ ਨੂੰ ਸੰਪੂਰਨ ਕਿਉਂ ਕਰੇਗਾ?

ਇਹ ਆਇਤ ਉਨ੍ਹਾਂ ਲੋਕਾਂ ਦੇ ਲਈ ਬੋਲੀ ਗਈ ਸੀ ਜਿਨ੍ਹਾਂ ਨੇ ਪੌਲੁਸ ਦੇ ਮਿਸ਼ਨਰੀ ਕੰਮ ਵਿੱਚ ਮਦਦ ਕਰਨ ਦੇ ਲਈ ਦਿੱਤਾ ਸੀ।

ਫ਼ਿਲਿੱਪੀਆਂ 4:15-19 (15) ਹੇ ਫ਼ਿਲਿੱਪੀਓ, ਤੁਸੀਂ ਆਪ ਵੀ ਜਾਣਦੇ ਹੋ ਭਈ ਜਾਂ ਮੈਂ ਖੁਸ਼ ਖਬਰੀ ਪਹਿਲਾਂ ਸੁਣਾਉਣ ਲੱਗਾ ਜਦ ਮੈਂ ਮਕਦੂਨਿਯਾ ਤੋਂ ਨਿੱਕਲ ਆਇਆ ਤਾਂ ਕਿਸੇ ਕਲੀਸਿਯਾ ਨੇ ਲੈਣ **ਦੇਣ** ਦੀ ਗੱਲ ਵਿੱਚ ਮੇਰਾ ਸਾਥ ਨਾ ਦਿੱਤਾ ਪਰ ਕੇਵਲ ਤੁਸਾਂ। (16) ਕਿਉਂ ਜੋ ਥਸੱਲੁਨੀਕੇ ਵਿੱਚ ਭੀ ਤੁਸਾਂ **ਮੇਰੀ ਲੋੜ** ਪੂਰੀ ਕਰਨ ਲਈ ਇਕੇਰਾਂ ਨਹੀਂ ਸਗੋਂ ਕਈ ਵੇਰਾਂ ਕੁਝ ਘੱਲ ਦਿੱਤਾ। (17) ਇਹ ਨਹੀਂ ਜੋ ਮੈਂ ਦਾਨ ਚਾਹੁੰਦਾ ਹਾਂ ਪਰ ਮੈਂ ਉਹ **ਫਲ** ਚਾਹੁੰਦਾ ਹਾਂ ਜੋ **ਤੁਹਾਡੇ ਲੇਖੇ ਵਿੱਚ ਵਧਦਾ ਜਾਂਦਾ ਹੈ** (18) ਅਤੇ ਮੈਨੂੰ ਕੁਝ ਮਿਲ ਗਿਆ ਹੈ, ਸਗੋਂ ਵਾਧੂ ਹੈ। ਮੈਂ ਭਰਪੂਰ ਹਾਂ ਕਿਉਂ ਜੋ ਮੈਨੂੰ ਤੁਹਾਡੇ ਭੇਜੇ ਹੋਏ ਪਦਾਰਥ ਇਪਾਫ਼ਰੋਦੀਤੁਸ ਦੇ ਹੱਥੋਂ ਮਿਲੇ ਜੋ ਧੂਪ ਦੀ ਸੁਗੰਧ ਅਤੇ ਇਹੋ ਜਿਹਾ ਪਰਵਾਨ ਬਲੀਦਾਨ ਹੈ ਜੋ ਪਰਮੇਸ਼ਰ ਨੂੰ ਭਾਉਂਦਾ ਹੈ (19) **ਅਤੇ ਮੇਰਾ ਪਰਮੇਸ਼ਰ ਤੇਜ ਵਿੱਚ ਆਪਣੇ ਧਨ ਦੇ ਅਨੁਸਾਰ ਤੁਹਾਡੀ ਹਰੇਕ ਥੁੜ ਨੂੰ ਮਸੀਹ ਯਿਸੂ ਵਿੱਚ ਸੰਪੂਰਨ ਕਰੇਗਾ।**

ਧਨੀ ਨੌਜਵਾਨ ਆਗੂ ਨੇ ਆਖਿਆ: "ਮੈਂ ਆਪਣੇ ਬਾਲਕਪੁਣੇ ਤੋਂ ਉਨ੍ਹਾਂ ਸਭਨਾਂ ਨੂੰ ਮੰਨਦਾ ਆਇਆ ਹਾਂ।" ਮਰਕੁਸ 10:20

## ਉਹ ਆਗਿਆਕਾਰੀ ਸੀ > ਪਰ ਉਸ ਦੀ ਪ੍ਰੇਰਣਾ ਕੀ ਸੀ? > ਉਹ ਕਿਸ ਨੂੰ ਪ੍ਰੇਮ ਕਰਦਾ ਸੀ? ਕਹਾਉਤਾਂ 16:2 ਮਕਸਦ

ਯਿਸੂ ਨੇ ਉਹ ਨੂੰ ਆਖਿਆ: ਤੇਰੇ ਵਿੱਚ ਇੱਕ ਗੱਲ ਦਾ ਘਾਟਾ ਹੈ। ਜਾਹ ਅਤੇ ਜੋ ਕੁਝ ਤੇਰਾ ਹੈ ਵੇਚ ਅਤੇ ਕੰਗਾਲਾਂ ਨੂੰ ਦੇ ਦਿਹ ਤਾਂ ਤੈਨੂੰ ਸੁਰਗ ਵਿੱਚ ਧਨ ਮਿਲੇਗਾ ਅਤੇ ਆ, ਮੇਰੇ ਪਿੱਛੇ ਹੋ ਤੁਰ। ਪਰ ਉਹ ਏਸ ਗੱਲੋਂ ਭੈੜਾ ਪਿਆ ਅਤੇ ਉਦਾਸ ਹੋ ਕੇ ਚੱਲਿਆ ਗਿਆ ਕਿਉਂ ਜੋ ਉਹ ਵੱਡਾ ਮਾਲਦਾਰ ਸੀ। ਮਰਕੁਸ 10:17-22

- ਉਹ ਵਚਨ ਨਾਲ ਪ੍ਰੇਮ ਕਰਦਾ ਸੀ / ਉਸ ਨੇ ਆਗਿਆਕਾਰੀ ਕੀਤੀ . . . ਪਰ ਕਿਉਂ?
- ਇਹ ਉਸ ਦੇ ਹਿਰਦੇ ਦਾ ਮਸਲਾ ਸੀ > ਉਹ ਕਿਸ ਨੂੰ ਪ੍ਰੇਮ ਕਰਦਾ ਸੀ

  ਇਹ ਇੱਕ ਪਾਸਬਾਨ ਦਾ ਕੰਮ ਹੈ – ਲੋਕਾਂ ਨੂੰ ਯਿਸੂ ਦੇ ਪ੍ਰੇਮ ਵਿੱਚ ਲੈ ਕੇ ਆਉਣਾ

- ਆਪਣਾ ਸਭਕੁਝ ਤਿਆਗ ਕਿ ਯਿਸੂ ਦੇ ਮਗਰ ਹੋ ਲੈਣ ਦੀ ਮੰਗ ਸਭਨਾਂ ਤੋਂ ਨਹੀਂ ਕੀਤੀ ਗਈ ਹੈ। ਇਹ ਉਸ ਦੇ ਲਈ ਇੱਕ ਪ੍ਰੀਖਿਆ ਸੀ ਕਿ ਉਹ ਕਿਸ ਨੂੰ ਪ੍ਰੇਮ ਕਰਦਾ ਸੀ, ਉਸ ਦੇ ਲਈ ਵੱਡਮੁੱਲਾ ਕੀ ਸੀ।

1 ਸਮੂਏਲ 16:7 ਯਹੋਵਾਹ ਜੋ ਮਨੁੱਖ ਵਾਂਙੁ ਨਹੀਂ ਵੇਖਦਾ। ਮਨੁੱਖ ਤਾਂ ਬਾਹਰਲਾ ਰੂਪ ਵੇਖਦਾ ਹੈ ਪਰ **ਯਹੋਵਾਹ ਰਿਦੇ ਨੂੰ ਵੇਖਦਾ ਹੈ।** 2 ਇਤਹਾਸ 16:9

ਮੱਤੀ 6:19-21 ਆਪਣੇ ਲਈ ਧਰਤੀ ਉੱਤੇ ਧਨ ਨਾ ਜੋੜੋ ਜਿੱਥੇ ਕੀੜਾ ਅਤੇ ਜੰਗਾਲ ਵਿਗਾੜਦਾ ਹੈ ਅਰ ਜਿੱਥੇ ਚੋਰ ਸੰਨ੍ਹ ਮਾਰਦੇ ਅਤੇ ਚੁਰਾਉਂਦੇ ਹਨ। ਪਰ ਸੁਰਗ ਵਿੱਚ ਆਪਣੇ ਲਈ ਧਨ ਜੋੜੋ ਜਿੱਥੇ ਨਾ ਕੀੜਾ ਨਾ ਜੰਗਾਲ ਵਿਗਾੜਦਾ ਹੈ ਅਰ ਜਿੱਥੇ ਚੋਰ ਨਾ ਸੰਨ੍ਹ ਮਾਰਦੇ ਨਾ ਚੁਰਾਉਂਦੇ ਹਨ। *ਕਿਉਂਕਿ ਜਿੱਥੇ* ***ਤੇਰਾ ਧਨ*** *ਹੈ ਉੱਥੇ* ***ਤੇਰਾ ਮਨ ਵੀ ਹੋਵੇਗਾ।***

## ਪ੍ਰਭੂ **ਤੁਹਾਡੇ ਹਿਰਦੇ** ਨੂੰ ਵੇਖਦਾ ਹੈ . . .

ਕਹਾਉਤਾਂ 21:2 ਮਨੁੱਖ ਦੀ ਸਾਰੀ ਚਾਲ ਉਹ ਦੀ ਆਪਣੀ ਨਿਗਾਹ ਵਿੱਚ ਸਿੱਧੀ ਹੈ, ਪਰ **ਯਹੋਵਾਹ ਘਟ ਘਟ ਨੂੰ ਜਾਚਦਾ ਹੈ।**

- ਤੁਹਾਡੇ ਲਈ ਵੱਡਮੁੱਲਾ ਕੀ ਹੈ
- ਤੁਸੀਂ ਕਿਸ ਨੂੰ ਪ੍ਰੇਮ ਕਰਦੇ ਹੋ   1 ਯੂਹੰਨਾ 2:15-16

ਇਹ ਮਸਲਾ >> ਤੁਹਾਡੇ **ਹਿਰਦੇ** ਦਾ ਹੈ >> ਤੁਸੀਂ ਕਿਸ ਨੂੰ **ਪ੍ਰੇਮ ਕਰਦੇ ਹੋ** >>>

ਸੱਚਾਈ ਇਹ ਹੈ: ਅਸੀਂ ਜੋ ਕਰਦੇ ਹਾਂ ਉਸ ਦੀ **ਪ੍ਰੇਰਣਾ ਪ੍ਰੇਮ** ਹੈ।

ਕਹਾਉਤਾਂ 16:2 ਮਨੁੱਖ ਦੀ ਸਾਰੀ ਚਾਲ ਉਹ ਦੀ ਆਪਣੀ ਨਿਗਾਹ ਵਿੱਚ ਸੁੱਧ ਹੈ, ਪਰ **ਯਹੋਵਾਹ ਰੂਹਾਂ ਨੂੰ ਜਾਚਦਾ ਹੈ।**

ਸਵਾਲ ਇਹ ਹੈ:

- ਤੁਸੀਂ ਕਿਸ ਨੂੰ ਪ੍ਰੇਮ ਕਰਦੇ ਹੋ?
- ਤੁਹਾਡਾ ਧਨ ਕੀ ਹੈ? . . . ਤੁਹਾਡਾ ਹਿਰਦਾ ਉੱਥੇ ਹੀ ਹੈ

"ਪਰਮੇਸ਼ਰ ਨੇ **ਜਗਤ ਨੂੰ** ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣਾ ਇਕਲੌਤਾ ਪੁੱਤਰ. . .ਦਿੱਤਾ

ਲੂਕਾ 6:38 "**ਦਿਓ** ਤਾਂ **ਤੁਹਾਨੂੰ ਦਿੱਤਾ ਜਾਵੇਗਾ**, ਪੂਰਾ ਮੇਪ ਦੱਬ ਦੱਬ ਕੇ ਹਿਲਾ ਹਿਲਾ ਕੇ ਅਤੇ ਡੁਲ੍ਹਦਾ ਹੋਇਆ ਤੁਹਾਡੇ ਪੱਲੇ ਪਾਉਣਗੇ ਕਿਉਂਕਿ ਜਿਸ ਮਾਪ ਨਾਲ ਤੁਸੀਂ ਮਿਣਦੇ ਹੋ ਉਸੇ ਨਾਲ ਤੁਹਾਡੇ ਲਈ ਮੁੜ ਮਿਣਿਆ ਜਾਵੇਗਾ।"

- ❖ ਖੁਸ਼ਹਾਲੀ ਦੀ ਕੁੰਜੀ !

ਅਸੀਂ ਇੱਕ ਹੋਰ ਆਇਤ ਨੂੰ ਪਸੰਦ ਕਰਦੇ ਹਾਂ: 2 ਕੁਰਿੰਥੀਆਂ 9:8

> ਅਤੇ ਪਰਮੇਸ਼ਰ ਤੁਹਾਡੇ ਉੱਤੇ ਸਾਰੀ ਕਿਰਪਾ ਬਹੁਤੀ ਕਰ ਸੱਕਦਾ ਹੈ ਭਈ ਹਰ ਪਰਕਾਰ ਨਾਲ **ਸਦਾ ਸਭ ਕੁਝ ਤੁਹਾਡੇ ਕੋਲ ਹੋਵੇ** ਕਿ ਹਰ ਸ਼ੁਭ ਕਰਮ ਲਈ ਤੁਹਾਡੇ ਕੋਲ ਵਾਫ਼ਰ ਭੀ ਹੋਵੇ।

ਇਸ ਤੋਂ ਪਹਿਲਾਂ ਆਇਤ *7* ਆਉਂਦੀ ਹੈ: "ਪਰਮੇਸ਼ਰ ਖੁਸ਼ੀ ਨਾਲ ਦੇਣ ਵਾਲੇ ਨੂੰ ਪਿਆਰ ਕਰਦਾ ਹੈ।"

- ❖ ਇਹ ਖੁਸ਼ੀ ਨਾਲ ਦੇਣ ਦੇ ਪ੍ਰਤੀ ਪ੍ਰਭੂ ਦਾ ਜਵਾਬ ਹੈ।

ਇਹ ਉਨ੍ਹਾਂ ਨੂੰ ਆਖਿਆ ਗਿਆ ਹੈ ਜਿਨ੍ਹਾਂ ਨੇ ਮਿਸ਼ਨ ਦੇ ਕੰਮ ਵਿੱਚ ਮਦਦ ਕਰਨ ਲਈ ਦਿੱਤਾ ਹੈ: ਵੇਖੋ: 2 ਕੁਰਿੰਥੀਆਂ 9:1-15

ਉਦਾਹਰਨ: ਅਬਰਾਹਾਮ

ਉਤਪਤ 12:1-3 ਤਦ ਯਹੋਵਾਹ ਨੇ ਅਬਰਾਮ ਨੂੰ ਆਖਿਆ ਤੂੰ ਆਪਣੇ ਦੇਸ ਤੋਂ...**ਨਿੱਕਲ ਤੁਰ** (**ਆਗਿਆਕਾਰੀ ਕਰ**) . . . **ਅਰ ਮੈਂ ਤੈਨੂੰ ਅਸੀਸ ਦਿਆਂਗਾ** . . . **ਅਰ ਤੂੰ ਬਰਕਤ ਦਾ ਕਾਰਨ ਹੋ।**

ਅਸੀਂ ਅਸੀਸ ਇਸ ਕਰਕੇ ਪ੍ਰਾਪਤ ਕਰਦੇ ਹਾਂ ਤਾਂ ਜੋ ਅਸੀਂ ਦੂਜਿਆਂ ਦੇ ਲਈ ਅਸੀਸ ਬਣ ਸਕੀਏ।

ਜੇਕਰ ਅਸੀਂ ਦੂਜਿਆਂ ਨੂੰ ਅਸੀਸ ਨਹੀਂ ਦਿੰਦੇ ਤਾਂ ਅਸੀਂ ਉਸ ਦੀਆਂ ਅਸੀਸਾਂ ਦੇ ਚੰਗੇ ਪ੍ਰਬੰਧਕ ਨਹੀਂ ਹਾਂ ਅਤੇ ਉਨ੍ਹਾਂ ਦਾ ਵਾਧਾ ਨਹੀਂ ਹੋਵੇਗਾ।

**ਲੂਕਾ 6:38** **ਦਿਓ** ਤਾਂ **ਤੁਹਾਨੂੰ ਦਿੱਤਾ ਜਾਵੇਗਾ**, ਪੂਰਾ ਮੇਪ ਦੱਬ ਦੱਬ ਕੇ ਹਿਲਾ ਹਿਲਾ ਕੇ ਅਤੇ ਡੁਲ੍ਹਦਾ ਹੋਇਆ ਤੁਹਾਡੇ ਪੱਲੇ ਪਾਉਣਗੇ ਕਿਉਂਕਿ ਜਿਸ ਮਾਪ ਨਾਲ ਤੁਸੀਂ ਮਿਣਦੇ ਹੋ ਉਸੇ ਨਾਲ ਤੁਹਾਡੇ ਲਈ ਮੁੜ ਮਿਣਿਆ ਜਾਵੇਗਾ।

ਪ੍ਰਭੂ ਅਜਿਹੇ ਪ੍ਰਬੰਧਕਾਂ ਦੀ ਤਲਾਸ਼ ਵਿੱਚ ਹੈ ਜਿਹੜੇ ਉਸ ਦੇ ਪ੍ਰਤੀ ਵਫਾਦਾਰ ਰਹਿਣ ਜੋ ਉਸ ਨੇ ਉਨ੍ਹਾਂ ਨੂੰ ਦਿੱਤਾ ਹੈ। (ਮੱਤੀ 25:21, 23)

ਜਿਵੇਂ ਪ੍ਰਭੂ ਨੇ ਉਸ ਧਨੀ ਨੌਜਵਾਨ ਸਰਦਾਰ ਨੂੰ ਪਰਖਿਆ, ਉਸੇ ਤਰ੍ਹਾਂ ਉਸ ਨੇ ਅਬਰਾਹਾਮ ਨੂੰ ਵੀ ਪਰਖਿਆ ਸੀ। ਅਤੇ ਉਹ ਸਾਨੂੰ ਵੀ ਪਰਖੇਗਾ।

ਇਹ ਮਸਲਾ ਹਿਰਦੇ ਦਾ ਹੈ। ਅਸੀਂ ਕਿਸ ਨੂੰ ਪ੍ਰੇਮ ਕਰਦੇ ਹਾਂ।

ਉਤਪਤ 22:12-18 ਇਸਹਾਕ ਦੀ ਭੇਟ ਚੜ੍ਹਾਉਣਾ

ਉਸ ਆਖਿਆ, ਤੂੰ ਏਸ ਮੁੰਡੇ ਨੂੰ ਹੱਥ ਨਾ ਲਾ ਅਤੇ ਨਾ ਹੀ ਉਸ ਨਾਲ ਕੁਝ ਕਰ. . .ਹੁਣ ਮੈਂ ਜਾਣ ਗਿਆ ਹਾਂ ਕਿ ਤੂੰ ਪਰਮੇਸ਼ਰ ਤੋਂ ਭੈ ਖਾਂਦਾ ਹੈਂ ਕਿਉਂ ਜੋ ਤੈਂ **ਆਪਣੇ ਪੁੱਤਰ**, ਹਾਂ ਆਪਣੇ ਇਕਲੌਤੇ ਪੁੱਤਰ **ਦਾ ਵੀ ਸਰਫਾ ਨਹੀਂ ਕੀਤਾ**...ਅਬਰਾਹਾਮ ਨੇ ਉਸ ਥਾਂ ਦਾ ਨਾਉਂ ਯਹੋਵਾਹ ਯਿਰਹ ਰੱਖਿਆ ਜਿਹੜਾ ਅੱਜ ਤੀਕ ਆਖੀਦਾ ਹੈ ਕਿ **ਯਹੋਵਾਹ ਦੇ ਪਰਬਤ ਉੱਤੇ ਦਿੱਤਾ ਜਾਵੇਗਾ।** ਮੈਂ ਆਪ ਆਪਣੀ ਸੌਂਹ ਖਾਧੀ ਹੈ ਯਹੋਵਾਹ ਦਾ ਵਾਕ ਹੈ ਕਿਉਂਜੋ

ਤੈਂ ਇਹ ਕੰਮ ਕੀਤਾ ਅਤੇ **ਆਪਣੇ ਪੁੱਤਰ** ਸਗੋਂ ਆਪਣੇ ਇਕਲੌਤੇ **ਦਾ ਵੀ ਸਰਫਾ ਨਹੀਂ ਕੀਤਾ। ਸੋ ਮੈਂ ਤੈਨੂੰ ਬਰਕਤਾਂ ਤੇ ਬਰਕਤਾਂ ਦਿਆਂਗਾ।**

ਅਬਰਾਹਾਮ ਨੇ ਜਿੰਨਾ ਜਿਆਦਾ ਆਗਿਆਕਾਰੀ ਕੀਤੀ ਅਤੇ ਆਪਣੇ ਧਨ ਵਿੱਚੋਂ ਦਿੱਤਾ -> ਪ੍ਰਭੂ ਦੀਆਂ ਅਸੀਸਾਂ ਓਨੀਆਂ ਹੀ ਵਧਦੀਆਂ ਗਈਆਂ!

- ❖ ਸਾਡੀਆਂ ਅਸੀਸਾਂ ਦਾ ਪਰਿਮਾਪ ਸਾਡੇ ਦੇਣ ਦੇ ਪਰਿਮਾਪ ਤੋਂ ਨਿਰਧਾਰਿਤ ਹੁੰਦਾ ਹੈ।

- ❖ ਅਤੇ ਸਾਡੇ ਦੇਣ ਦਾ ਪਰਿਮਾਪ ਸਾਡੇ ਪ੍ਰੇਮ ਦੇ ਪਰਿਮਾਪ ਤੋਂ ਨਿਰਧਾਰਿਤ ਹੁੰਦਾ ਹੈ।

ਮਲਾਕੀ 3:8-11 ਦੇਣ ਬਾਰੇ ਪ੍ਰਭੂ ਨੇ ਆਖਿਆ:

**ਕੀ ਕੋਈ ਆਦਮੀ ਪਰਮੇਸ਼ਰ ਨੂੰ ਠੱਗੇਗਾ**? ਪਰ **ਤੁਸਾਂ ਮੈਨੂੰ ਠੱਗ ਲਿਆ** ਅਤੇ ਤੁਸੀਂ ਆਖਦੇ ਹੋ, ਕਿਹੜੀ ਗੱਲ ਵਿੱਚ ਅਸਾਂ ਤੈਨੂੰ ਠੱਗ ਲਿਆ? **ਦਸਵੰਧਾਂ ਅਤੇ ਭੇਟਾਂ ਵਿੱਚ**! ਤੁਸੀਂ ਸਰਾਪੀਆਂ ਦੇ ਸਾਰਪੀ ਹੋਏ! ਤੁਸੀਂ ਮੈਨੂੰ ਠੱਗਦੇ ਹੋ, ਸਗੋਂ ਸਾਰੀ ਕੌਮ ਵੀ। **ਸਾਰੇ ਦਸਵੰਧ** ਮੇਰੇ ਮੋਦੀ ਖ਼ਾਨੇ ਵਿੱਚ **ਲਿਆਓ** ਤਾਂ ਜੋ ਮੇਰੇ ਭਵਨ ਵਿੱਚ ਭੋਜਨ ਹੋਵੇ ਅਤੇ ਉਸ ਦੇ ਨਾਲ **ਮੈਨੂੰ ਜ਼ਰਾ ਪਰਤਾਓ**, ਸੈਨਾਂ ਦਾ ਯਹੋਵਾਹ ਆਖਦਾ ਹੈ, **ਕੀ ਮੈਂ ਤੁਹਾਡੇ ਲਈ ਅਕਾਸ਼ ਦੀਆਂ ਖਿੜਕੀਆਂ ਖੋਲ੍ਹਦਾ ਹਾਂ ਕਿ ਨਹੀਂ ਭਈ ਤੁਹਾਡੇ ਲਈ ਬਰਕਤ ਵਰ੍ਹਾਵਾਂ ਏਥੋਂ ਤੀਕ ਕਿ ਉਹ ਦੇ ਲਈ ਥਾਂ ਨਾ ਹੋਵੇਗਾ**! ਮੈ ਤੁਹਾਡੇ ਲਈ ਖਾਣ ਵਾਲੇ ਨੂੰ ਝਿੜਕਾਂਗਾ ਕਿ ਓਹ ਤੁਹਾਡੀ ਜ਼ਮੀਨ ਦੇ ਫਲਾਂ ਨੂੰ ਨਾਸ ਨਾ ਕਰੇ ਅਤੇ ਤੁਹਾਡੇ ਅੰਗੂਰ ਪੈਲੀ ਵਿੱਚ ਅਫਲ ਨਾ ਰਹਿ ਜਾਣ, ਸੈਨਾਂ ਦਾ ਯਹੋਵਾਹ ਆਖਦਾ ਹੈ।

ਦਸਵੰਧ ਪੁਰਾਣੇ ਨੇਮ ਦੀ ਸ਼ਰਾ ਦਾ ਹਿੱਸਾ ਨਹੀਂ ਹੈ।

- ਜਿਵੇਂ ਕਿ ਅਬਰਾਹਾਮ ਨੂੰ ਨੇਮ ਅਤੇ ਪ੍ਰਤਿੱਗਿਆਵਾਂ ਸ਼ਰਾ ਦੇ ਆਉਣ ਤੋਂ 400 ਵਰ੍ਹੇ ਪਹਿਲਾਂ ਦਿੱਤੇ ਗਏ ਸਨ ਅਤੇ ਸ਼ਰਾ ਦਾ ਹਿੱਸਾ ਨਹੀਂ ਸਨ (ਗਲਾਤੀਆਂ 3:17), ਉਸੇ ਤਰ੍ਹਾਂ ਦਸਵੰਧ ਵੀ ਸੀ। ਅਤੇ ਇਹ ਹੁਕਮ ਅੱਜ ਵੀ ਜਾਰੀ ਹੈ।

- ਅਬਰਾਹਾਮ ਨੇ ਸ਼ਰਾ ਤੋਂ 400 ਵਰ੍ਹੇ ਪਹਿਲਾਂ ਸ਼ੁਕਰਗੁਜਾਰ ਅਤੇ ਸਰਾਹਨਾ ਦੇ ਹਿਰਦੇ ਵਜੋਂ ਮਲਕਿਸਿਦਕ ਨੂੰ ਦਸਵੰਧ ਦਿੱਤਾ (ਇਬਰਾਨੀਆਂ 7:1-2)।

- "ਅਬਰਾਹਾਮ ਉਨ੍ਹਾਂ ਸਭਨਾਂ ਦਾ ਪਿਤਾ ਹੋਵੇ ਜਿਹੜੇ ਨਿਹਚਾ ਕਰਦੇ ਹਨ।" **ਰੋਮੀਆਂ** 4:11

- ਨਵੇਂ ਨੇਮ ਦੇ ਵਿਸ਼ਵਾਸੀਆਂ ਦੇ ਲਈ ਪੁਰਾਣੇ ਨੇਮ ਦੀਆਂ ਗੱਲਾਂ: ". . . ਨਸੀਹਤ ਦੇ ਲਈ ਹੋਈਆਂ ਅਤੇ ਸਾਨੂੰ ਮੱਤ ਦੇਣ ਲਈ ਲਿਖੀਆਂ ਹੋਈਆਂ ਹਨ ਜਿਨ੍ਹਾਂ ਉੱਤੇ ਜੁੱਗਾਂ ਦੇ ਅੰਤ ਆਣ ਪਹੁੰਚੇ ਹਨ।" 1 ਕੁਰਿੰਥੀਆਂ 10:11

- **ਯਹੋਸ਼ੁਆ** 6:17-19, 24; 7:1, 11-13 **ਕਿਰਪਾ ਕਰਕੇ ਪੜ੍ਹੋ।**

**ਕੂਚ:** ਜਦ ਪ੍ਰਭੂ ਨੇ "ਲੇਲੇ ਦੇ ਲਹੂ" ਦੇ ਰਾਹੀਂ ਆਪਣੇ ਲੋਕਾਂ ਦੇ ਨਾਲ ਨੇਮ ਬੰਨ੍ਹਿਆ ਅਤੇ ਉਨ੍ਹਾਂ ਨੂੰ ਮਿਸਰ ਵਿੱਚੋਂ ਕੱਢ ਲਿਆਇਆ, ਤਾਂ ਵਚਨ ਆਖਦਾ ਹੈ:

ਜ਼ਬੂਰ 105:37 **ਉਹ ਚਾਂਦੀ ਅਤੇ ਸੋਨੇ ਨਾਲ ਉਨ੍ਹਾਂ ਨੂੰ ਬਾਹਰ ਕੱਢ ਲਿਆਇਆ**

**ਕਿਸ ਮਕਸਦ ਲਈ?** ਪ੍ਰਭੂ ਨੇ ਉਨ੍ਹਾਂ ਨੂੰ ਅਸੀਸ ਦਿੱਤੀ ਅਤੇ ਉਹ ਉਨ੍ਹਾਂ ਦੇ ਲਈ ਸਭਕੁਝ ਪ੍ਰਬੰਧ ਕਰਨ ਜਾ ਰਿਹਾ ਸੀ। ਪਰ ਉਜਾੜ ਵਿੱਚ ਖਰੀਦਣ ਲਈ ਕੁਝ ਵੀ ਨਹੀਂ ਸੀ ਅਤੇ ਉਨ੍ਹਾਂ ਦੇ ਭੋਜਨ ਦਾ ਪ੍ਰਬੰਧ ਪ੍ਰਭੂ ਨੇ ਕੀਤਾ ਅਤੇ ਉਨ੍ਹਾਂ ਦੇ ਕਪੜੇ ਨਹੀਂ ਪਾਟੇ।

ਮੁੱਖ ਉਦੇਸ਼ **ਹੈਕਲ ਦੀ ਉਸਾਰੀ** ਸੀ, ਜਿੱਥੇ ਉਸ ਦੀ ਅਰਾਧਨਾ ਕੀਤੀ ਜਾਣੀ ਸੀ। ਪਰ ਲੋਕਾਂ ਨੇ ਪੂਜਾ ਕਰਨ ਲਈ **ਆਪਣੇ ਸੋਨੇ** ਨਾਲ **ਇੱਕ ਮੂਰਤੀ**, **ਸੋਨੇ ਦਾ ਇੱਕ ਵੱਛਾ** ਬਣਾ ਲਿਆ (ਕੂਚ 32)। ਪ੍ਰਭੂ ਇਸ ਤੋਂ ਬਹੁਤ ਨਰਾਜ਼ ਹੋਇਆ।

ਸਾਨੂੰ ਵੀ ਸਾਵਧਾਨ ਰਹਿਣਾ ਹੈ ਕਿ ਅਸੀਂ ਵੀ ਅਜਿਹਾ **ਨਾ** ਕਰ ਬੈਠੀਏ, **ਸੋਨੇ ਅਤੇ ਚਾਂਦੀ** ਅਤੇ ਆਪਣੀ ਸੰਪਤੀ ਨਾਲ **ਮੂਰਤੀ** ਨਾ ਬਣਾ ਲਈਏ। ਉਹ ਸਾਨੂੰ ਅਸੀਸ ਦਿੰਦਾ ਹੈ ਕਿ ਅਸੀਂ ਦੂਜਿਆਂ ਦੇ ਲਈ ਅਸੀਸ ਬਣ ਸਕੀਏ (ਉਤਪਤ 12:1-3) ਅਤੇ **ਆਪਣੇ ਲਈ "ਸੋਨੇ ਦੇ ਵੱਛੇ" ਨਾ ਬਣਾ ਲਈਏ।**

ਇਹ ਬਹੁਤ ਮਹੱਤਵਪੂਰਨ ਸਿਧਾਂਤ ਹੈ। ਇਹ ਹੇਠ ਲਿਖੀ ਸੱਚਾਈ ਨੂੰ ਪੇਸ਼ ਕਰਦਾ ਹੈ:

ਕਹਾਉਤਾਂ 3:9-10 **ਆਪਣਾ ਮਾਲ** ਅਤੇ ਆਪਣੀ ਸਾਰੀ ਪੈਦਾਵਾਰ ਦੇ **ਪਹਿਲੇ ਫਲ** ਨਾਲ **ਯਹੋਵਾਹ ਦੀ ਮਹਿਮਾ ਕਰ,** ਤਾਂ ਤੇਰੇ ਖਾਤੇ ਪੈਦਾਵਾਰ ਨਾਲ **ਭਰੇ ਪੂਰੇ ਰਹਿਣਗੇ, ਅਤੇ** ਤੇਰੇ ਦਾਖਾਂ ਦੇ ਵੇਲਣੇ ਨਵੇਂ ਰਸ ਨਾਲ ਛਲਕਣਗੇ।

1 ਕੁਰਿੰਥੀਆਂ 4:2-3 ਮੁਖਤਿਆਰਾਂ ਵਿੱਚ ਇਹ **ਚਾਹੀਦਾ ਹੈ** ਜੋ ਓਹ **ਮਾਤਬਰ ਹੋਣ।**

ਇਸ ਸੱਚਾਈ ਨੂੰ ਹੇਠ ਲਿਖੀ ਆਇਤ ਵਿੱਚ ਵੀ ਵੇਖਿਆ ਜਾ ਸਕਦਾ ਹੈ:

ਮੱਤੀ 25:14-30 ਇਹ ਗੱਲ ਤਾਂ ਉਸ ਮਨੁੱਖ ਵਰਗੀ ਹੈ ਜਿਹ ਨੇ ਪਰਦੇਸ ਨੂੰ ਜਾਣ ਲੱਗਿਆਂ **ਆਪਣੇ ਚਾਕਰਾਂ** ਨੂੰ ਸੱਦ ਕੇ **ਆਪਣਾ ਮਾਲ ਉਨ੍ਹਾਂ ਨੂੰ ਸੌਂਪਿਆ।**

- ਪ੍ਰਭੂ ਨੇ ਆਪਣੀ ਸੰਪਤੀ ਸਾਡੇ ਸਪੁਰਦ ਕੀਤੀ ਹੈ:
  ਉਤਪਤ 1:28; ਪਰਕਾਸ਼ 5:9 (ਉਸ ਦੀ ਸਭ ਤੋਂ ਵੱਡਮੁੱਲੀ ਸੰਪਤੀ)

- ਪ੍ਰਬੰਧਕੀ ਦਾ ਅਰਥ ਹੈ ਕਿ ਤੁਸੀਂ ਕਿਸੇ ਹੋਰ ਦੀ ਸੰਪਤੀ ਦੀ ਦੇਖਭਾਲ ਐਵੇਂ ਕਰ ਰਹੇ ਹੋ ਕਿ ਜਿਵੇਂ ਇਹ ਤੁਹਾਡੀ ਆਪਣੀ ਹੋਵੇ।

- 1 ਕੁਰਿੰਥੀਆਂ 4:7 ਕਿਉਂ ਜੋ ਤੈਨੂੰ ਦੂਏ ਤੋਂ ਭਿੰਨ ਕੌਣ ਕਰਦਾ ਹੈ ਅਤੇ ਤੇਰੇ ਕੋਲ ਕੀ ਹੈ ਜੋ ਤੈਂ ਦੂਏ ਤੋਂ ਨਹੀਂ ਲਿਆ? ਪਰ ਜੇ ਤੈਂ ਲਿਆ ਵੀ ਦੂਏ ਤੋਂ ਤਾਂ ਅਭਮਾਨ ਕਾਹਨੂੰ ਕਰਦਾ ਹੈਂ ਭਈ ਜਾਣੀਦਾ ਲਿਆ ਹੀ ਨਹੀਂ?

(15) ਇੱਕ ਨੂੰ **ਪੰਜ** ਤੋੜੇ, ਦੂਏ ਨੂੰ **ਦੋ** ਅਤੇ ਤੀਏ ਨੂੰ **ਇੱਕ**, **ਹਰੇਕ ਨੂੰ ਉਹ ਦੇ ਗੁਣ ਦੇ ਅਨੁਸਾਰ** ਦਿੱਤਾ ਤਾਂ ਪਰਦੇਸ ਨੂੰ ਚੱਲਿਆ ਗਿਆ।

- ਉਸ ਦੇ ਚਾਕਰ ਪ੍ਰਬੰਧਕੀ ਦੀ ਯੋਗਤਾ ਵਿੱਚ ਇੱਕ ਸਮਾਨ ਨਹੀਂ ਸਨ। ਕੁਝ ਚਾਕਰ ਬਾਕੀਆਂ ਨਾਲੋਂ ਵਧੇਰੇ ਪ੍ਰਤਿਭਾਸ਼ਾਲੀ, ਪੜ੍ਹੇ-ਲਿਖੇ ਜਾਂ ਤਜ਼ਰਬੇਕਾਰ ਸਨ।

- ਉਨ੍ਹਾਂ ਦਿਨਾਂ ਵਿੱਚ ਇੱਕ ਤੋੜਾ 70,000/- ਰੁਪਏ ਦੀ ਚਾਂਦੀ ਦੇ ਬਰਾਬਰ ਸੀ। ਜਿਸ ਦੀ ਅੱਜ ਦੀ ਕੀਮਤ 140,000,000/- ਰੁਪਏ ਹੋਵੇਗੀ।

(16) ਜਿਹ ਨੇ ਪੰਜ ਤੋੜੇ ਲਏ ਸਨ ਉਹ ਨੇ ਝੱਟ ਜਾ ਕੇ ਉਨ੍ਹਾਂ ਨਾਲ ਬਣਜ ਬੁਪਾਰ ਕੀਤਾ ਅਤੇ **ਹੋਰ ਪੰਜ ਤੋੜੇ ਕਮਾਏ।** (17) ਇਸੇ ਤਰਾਂ ਜਿਹ ਨੇ ਦੋ ਲਏ ਸਨ ਉਹ ਨੇ ਵੀ **ਹੋਰ ਦੋ ਖੱਟ ਲਏ।**

(18) ਪਰ ਜਿਹ ਨੇ ਇੱਕੋ ਲਿਆ ਸੀ ਉਹ ਨੇ ਜਾ ਕੇ ਧਰਤੀ ਪੁੱਟੀ ਅਤੇ **ਆਪਣੇ ਮਾਲਕ ਦੇ ਰੁਪਿਆਂ ਨੂੰ ਲੁਕਾ ਦਿੱਤਾ।**

(19) ਬਹੁਤ ਚਿਰ ਪਿੱਛੋਂ ਉਨ੍ਹਾਂ ਚਾਕਰਾਂ ਦਾ ਮਾਲਕ ਆਇਆ ਅਤੇ ਉਨ੍ਹਾਂ ਤੋਂ **ਲੇਖਾ ਲੈਣ ਲੱਗਾ।**

- 1 ਕੁਰਿੰਥੀਆਂ 3:8-15; 9:16-27

(20) ਸੋ ਜਿਹ ਨੇ ਪੰਜ ਤੋੜੇ ਲਏ ਸਨ ਉਹ ਨੇ ਕੋਲ ਆਣ ਕੇ ਹੋਰ ਪੰਜ ਤੋੜੇ ਉਹ ਦੇ ਅੱਗੇ ਰੱਖੇ ਅਤੇ ਕਿਹਾ, ਸੁਆਮੀ ਜੀ ਤੁਸਾਂ ਮੈਨੂੰ ਪੰਜ ਤੋੜੇ ਸੌਂਪੇ ਸਨ। ਵੇਖੋ ਮੈਂ **ਪੰਜ ਤੋੜੇ ਹੋਰ ਭੀ ਖੱਟੇ।** (21) ਉਹ ਦੇ ਮਾਲਕ ਨੇ ਉਸ ਨੂੰ ਕਿਹਾ, ਹੇ ਚੰਗੇ ਅਤੇ ਮਾਤਬਰ ਚਾਕਰ **ਸ਼ਾਬਾਸ਼ੇ**! ਤੂੰ ਤਾਂ ਥੋੜੇ ਜਿਹੇ ਵਿੱਚ ਮਾਤਬਰ ਨਿੱਕਲਿਆ, ਮੈਂ ਤੈਨੂੰ ਬਹੁਤ ਸਾਰੇ ਉੱਤੇ ਇਖ਼ਤਿਆਰ ਦਿਆਂਗਾ। ਤੂੰ ਆਪਣੇ ਮਾਲਕ ਦੀ ਖ਼ੁਸ਼ੀ ਵਿੱਚ ਦਾਖਿਲ ਹੋ।

(22) ਅਤੇ ਜਿਹ ਨੇ **ਦੋ ਤੋੜੇ** ਲਏ ਸਨ ਉਹ ਵੀ ਕੋਲ ਆਣ ਕੇ ਬੋਲਿਆ, ਸੁਆਮੀ ਤੁਸਾਂ ਮੈਨੂੰ ਦੋ ਤੋੜੇ ਸੌਂਪੇ ਸਨ। ਵੇਖੋ ਮੈਂ **ਦੋ ਤੋੜੇ ਹੋਰ ਭੀ ਖੱਟੇ।** (23) ਉਹ ਦੇ ਮਾਲਕ ਨੇ ਉਸ ਨੂੰ ਕਿਹਾ, ਹੇ ਚੰਗੇ ਅਤੇ ਮਾਤਬਰ ਚਾਕਰ **ਸ਼ਾਬਾਸ਼ੇ**! ਤੂੰ ਥੋੜੇ ਜਿਹੇ ਵਿੱਚ ਮਾਤਬਰ ਨਿੱਕਲਿਆ, ਮੈਂ ਤੈਨੂੰ ਬਹੁਤ ਸਾਰੇ ਉੱਤੇ ਇਖ਼ਤਿਆਰ ਦਿਆਂਗਾ। ਤੂੰ ਆਪਣੇ ਮਾਲਕ ਦੀ ਖ਼ੁਸ਼ੀ ਵਿੱਚ ਦਾਖਿਲ ਹੋ।

(24) ਫੇਰ ਜਿਹ ਨੇ ਇੱਕ ਤੋੜਾ ਲਿਆ ਸੀ ਉਹ ਵੀ ਕੋਲ ਆਣ ਕੇ ਬੋਲਿਆ, ਸੁਆਮੀ ਜੀ ਮੈਂ ਤੁਹਾਨੂੰ ਜਾਣਿਆ ਜੋ ਤੁਸੀਂ ਕਰੜੇ ਆਦਮੀ ਹੋ ਕਿ ਜਿੱਥੇ ਤੁਸੀਂ ਨਹੀਂ ਬੀਜਿਆ ਉੱਥੋਂ ਵੱਢਦੇ ਹੋ ਅਰ ਜਿੱਥੇ ਨਹੀਂ ਖਿੰਡਾਇਆ ਉੱਥੋਂ ਇਕੱਠਾ ਕਰਦੇ ਹੋ। (25) ਸੋ **ਮੈਂ ਡਰਿਆ** ਅਤੇ ਜਾ ਕੇ **ਤੁਹਾਡੇ ਤੋੜੇ ਨੂੰ** ਧਰਤੀ ਵਿੱਚ **ਲੁਕਾ ਦਿੱਤਾ।** ਏਹ ਆਪਣਾ ਲੈ ਲਓ।

(26) ਉਸ ਦੇ ਮਾਲਕ ਨੇ ਉਸ ਨੂੰ ਉੱਤਰ ਦਿੱਤਾ, ਓਏ ਦੁਸ਼ਟ ਅਤੇ ਆਲਸੀ ਚਾਕਰ! ਕੀ ਤੈਂ ਜਾਣਿਆ ਭਈ ਜਿੱਥੇ ਮੈਂ ਨਹੀਂ ਬੀਜਿਆ ਉੱਥੋਂ ਵੱਢਦਾ ਹਾਂ ਅਰ ਜਿੱਥੇ ਮੈਂ ਨਹੀਂ ਖਿੰਡਾਇਆ ਉੱਥੋਂ ਇਕੱਠਾ ਕਰਦਾ ਹਾਂ? (27) ਇਸੇ ਲਈ ਤੈਨੂੰ ਚਾਹੀਦਾ ਸੀ ਜੋ ਮੇਰੇ ਰੁਪਏ ਸਰਾਫ਼ਾਂ ਨੂੰ ਦਿੰਦਾ ਤਾਂ ਮੈਂ ਆਣ ਕੇ **ਆਪਣਾ ਮਾਲ ਬਿਆਜ ਸੁੱਧਾ ਲੈਂਦਾ।** (28) ਸੋ ਉਹ ਤੋੜਾ ਉਸ ਕੋਲੋਂ **ਲੈ ਲਓ** ਅਤੇ ਜਿਹਦੇ ਕੋਲ ਦਸ ਤੋੜੇ ਹਨ ਉਹ ਨੂੰ ਦਿਓ।

(29) ਕਿਉਂਕਿ ਜਿਸ ਕਿਸੇ ਕੋਲ ਕੁਝ ਹੈ **ਉਹ ਨੂੰ ਦਿੱਤਾ ਜਾਵੇਗਾ** ਅਤੇ ਉਹ ਦਾ **ਵਾਧਾ ਹੋਵੇਗਾ** ਪਰ ਜਿਹ ਦੇ **ਕੋਲ ਨਹੀਂ** ਉਸ ਕੋਲੋਂ ਜੋ ਉਹ ਦਾ ਹੈ ਸੋ ਵੀ ਫੇਰ ਲਿਆ ਜਾਵੇਗਾ। (30) ਇਸ ਨਿਕੰਮੇ ਚਾਕਰ ਨੂੰ ਬਾਹਰ ਦੇ ਅੰਧਘੋਰ ਵਿੱਚ ਕੱਢ ਦਿਓ। ਉਥੇ ਰੋਣਾ ਅਤੇ ਕਚੀਚੀਆਂ ਵੱਟਣਾ ਹੋਵੇਗਾ।

ਇਸ ਦ੍ਰਿਸ਼ਟਾਂਤ ਦੇ ਅੰਤ ਵਿੱਚ ਇੱਕ ਬਦਲਾਓ ਆਉਂਦਾ ਹੈ ਅਤੇ ਸਾਨੂੰ ਦਿੱਤੇ ਗਏ ਦੁਨਿਆਵੀ ਤੋੜਿਆਂ ਦੀ ਸਾਡੀ ਵਰਤੋਂ ਬਾਰੇ ਕੀਤੀ ਜਾ ਰਹੀ ਚਰਚਾ ਬਦਲ ਕੇ ਇੱਕਮਾਤਰ ਸੱਚੇ ਪਰਮੇਸ਼ਰ ਦੀ **ਸੱਚਾਈ** ਉੱਤੇ ਆ ਜਾਂਦੀ ਹੈ ਜੋ ਹਰੇਕ ਵਿਅਕਤੀ ਦੇ ਸਪੁਰਦ ਕੀਤੀ ਗਈ ਹੈ (ਰੋਮੀਆਂ 1:18-23).

ਪਰਮੇਸ਼ਰ ਮਸੀਹ ਵਿੱਚ ਹੋ ਕੇ **ਜਗਤ** ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ **ਉਨ੍ਹਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ** (2 ਕੁਰਿੰਥੀਆਂ 5:19)।

ਇਸ ਨੂੰ **ਰੱਦਣਾ**, ਇਸ ਨੂੰ **ਦੱਬਣਾ,** ਅਤੇ ਇਸ ਨਾਲ **ਕੁਝ ਨਾ ਕਰਨਾ** ਅਤੇ ਕੋਈ **ਸ਼ੁਕਰਗੁਜਾਰੀ ਨਾ ਹੋਣਾ** . . . **ਜਿਹ ਦੇ ਕੋਲ ਨਹੀਂ ਉਸ ਕੋਲੋਂ** ਜੋ ਉਹ ਦਾ ਹੈ ਸੋ ਵੀ ਫੇਰ ਲਿਆ ਜਾਵੇਗਾ। (30) ਇਸ ਨਿਕੰਮੇ ਚਾਕਰ ਨੂੰ ਬਾਹਰ ਦੇ ਅੰਧਘੋਰ ਵਿੱਚ ਕੱਢ ਦਿਓ। ਓਥੇ ਰੋਣਾ ਅਤੇ ਕਚੀਚੀਆਂ ਵੱਟਣਾ ਹੋਵੇਗਾ।

ਗਲਾਤੀਆਂ 6:7-10 ਇਹ ਇੱਕ ਬਹੁਤ ਜਿਆਦਾ ਮਹੱਤਵਪੂਰਨ ਆਇਤ ਹੈ। ਤੁਸੀਂ ਧੋਖਾ ਨਾ ਖਾਓ, ਪਰਮੇਸ਼ਰ ਠੱਠਿਆਂ ਵਿੱਚ ਨਹੀਂ ਉਡਾਈਦਾ ਕਿਉਂਕਿ **ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਭੀ।** (8) ਜਿਹੜਾ ਆਪਣੇ ਸਰੀਰ ਲਈ ਬੀਜਦਾ ਹੈ ਉਹ ਸਰੀਰੋਂ ਬਿਨਾਸ ਨੂੰ ਵੱਢੇਗਾ ਅਤੇ ਜਿਹੜਾ ਆਤਮਾ ਲਈ ਬੀਜਦਾ ਹੈ ਉਹ ਆਤਮਾ ਤੋਂ ਸਦੀਪਕ ਜੀਵਨ ਨੂੰ ਵੱਢੇਗਾ। (9) ਅਤੇ **ਭਲਿਆਈ ਕਰਦਿਆਂ** ਅਸੀਂ ਅੱਕ ਨਾ ਜਾਈਏ ਕਿਉਂਕਿ **ਜੇ ਹੌਸਲਾ ਨਾ ਹਾਰੀਏ ਤਾਂ ਵੇਲੇ ਸਿਰ ਵੱਢਾਂਗੇ।** (10) ਉਪਰੰਤ ਜਿਵੇਂ ਸਾਨੂੰ ਮੌਕਾ ਮਿਲੇ ਅਸੀਂ ਸਭਨਾਂ ਨਾਲ ਭਲਾ ਕਰੀਏ ਪਰ ਨਿੱਜ ਕਰਕੇ ਨਿਹਚਾਵਾਨਾਂ ਦੇ ਨਾਲ।

- ਜੋ ਕੁਝ ਤੁਸੀਂ ਬੀਜੋਗੇ, ਉਹੀ ਤੁਸੀਂ ਵੱਢੋਗੇ (ਗੁੱਸਾ, ਮਾਫ ਨਾ ਕਰਨਾ, ਪ੍ਰੇਮ, ਧਨ)।

- ਜੇਕਰ ਤੁਸੀਂ ਬੀਜੋਗੇ ਨਹੀਂ, ਤਾਂ ਵੱਢੋਗੇ ਵੀ ਨਹੀਂ।

ਮੈਂ ਇੱਕ ਵਿਅਕਤੀ ਨੂੰ ਪੁੱਛਿਆ ਕਿ ਕੀ ਉਸ ਦਾ ਕਾਰੋਬਾਰ ਸਹੀ ਚੱਲ ਰਿਹਾ ਹੈ। ਉਸ ਨੇ ਜਵਾਬ ਦਿੱਤਾ, *"ਮੇਰੇ ਦਸਵੰਧ ਅਤੇ ਭੇਟਾਂ ਜ਼ਮੀਨ ਵਿੱਚ ਹਨ।"* ਅਰਥਾਤ, ਉਸ ਨੇ ਪ੍ਰਭੂ ਅਤੇ ਉਸ ਦੇ ਕੰਮ ਦੇ ਲਈ ਪੈਸਾ ਦਿੱਤਾ ਸੀ, ਉਸ ਦਾ ਬੀਜ ਬੀਜਿਆ ਗਿਆ ਸੀ, ਜ਼ਮੀਨ ਵਿੱਚ, ਅਤੇ ਉਹ ਵਿਅਕਤੀ ਜਾਣਦਾ ਸੀ ਕਿ ਅਸੀਸਾਂ ਆ ਰਹੀਆਂ ਹਨ। ਬਹੁਤ ਵਧੀਆ ਵਿਸ਼ਵਾਸ।

ਯੂਹੰਨਾ 12:24 ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੋ ਕਣਕ ਦਾ ਦਾਣਾ **ਜੇ** ਜ਼ਮੀਨ ਵਿੱਚ ਪੈ ਕੇ ਨਾ ਮਰੇ ਤਾਂ ਉਹ ਇਕੱਲਾ ਹੀ ਰਹਿੰਦਾ ਹੈ ਪਰ ਜੇ ਮਰੇ (ਬੀਜਿਆ ਜਾਵੇ) ਤਾਂ **ਬਹੁਤ ਸਾਰਾ ਫਲ ਦਿੰਦਾ।**

- ਬੀਜ ਨੂੰ ਬੀਜਿਆ ਜਾਣਾ ਜ਼ਰੂਰੀ ਹੈ। ਇਸ ਨੂੰ ਜ਼ਮੀਨ ਵਿੱਚ ਪਾਓ – ਆਪਣੇ ਹੱਥ ਵਿੱਚੋਂ ਕੱਢ ਦਓ – ਆਪਣੀ ਪਹੁੰਚ ਤੋਂ ਬਾਹਰ ਕਰ ਦਓ – ਫਿਰ ਜੋ ਹੋਵੇਗਾ ਉਹ ਸਾਡੇ ਨਿਯੰਤ੍ਰਣ ਵਿੱਚ ਨਹੀਂ ਹੋਵੇਗਾ – ਉਸ ਵਿੱਚ ਕਿੰਨਾ ਸਮਾਂ ਲੱਗੇਗਾ – ਪਰ ਪ੍ਰਤਿੱਗਿਆ ਇਹ ਹੈ ਕਿ "ਇਹ ਬਹੁਤ ਸਾਰਾ ਫਲ ਦਿੰਦਾ ਹੈ।"

ਲੂਕਾ 8:5-8

**ਇੱਕ ਬੀਜਣ ਵਾਲਾ ਬੀ ਬੀਜਣ ਨੂੰ ਨਿੱਕਲਿਆ** ਅਰ ਉਹ ਦੇ ਬੀਜਦਿਆਂ ਕੁਝ ਪਹੇ ਵੱਲ ਜਾ ਪਿਆ
ਅਤੇ ਮਿੱਧਿਆ ਗਿਆ ਅਤੇ ਅਕਾਸ਼ ਦੇ ਪੰਛੀ ਉਹ ਨੂੰ ਚੁਗ ਗਏ। (6) ਅਰ ਹੋਰ ਪੱਥਰ ਉੱਤੇ ਕਿਰਿਆ ਸੋ
ਉੱਗਦਿਆਂ ਹੀ ਸੁੱਕ ਗਿਆ ਇਸ ਲਈ ਜੋ ਉਹ ਨੂੰ ਗਿੱਲ ਨਾ ਪਹੁੰਚੀ। (7) ਅਤੇ ਹੋਰ ਕੰਡਿਆਲਿਆਂ ਵਿੱਚ
ਕਿਰਿਆ ਅਤੇ ਕੰਡਿਆਲਿਆਂ ਨੇ ਨਾਲ ਹੀ ਵਧ ਕੇ ਉਹ ਨੂੰ ਦਬਾ ਲਿਆ। (8) ਅਰ ਹੋਰ ਚੰਗੀ ਜ਼ਮੀਨ ਵਿੱਚ
ਕਿਰਿਆ ਅਤੇ ਉੱਗ ਕੇ ਸੌ ਗੁਣਾ ਫਲਿਆ। ਉਹ ਇਹ ਗੱਲਾਂ ਕਹਿ ਕੇ ਉੱਚੀ ਉੱਚੀ ਬੋਲਿਆ ਭਈ ਜਿਹ ਦੇ
ਸੁਣਨ ਦੇ ਕੰਨ ਹੋਣ ਸੋ ਸੁਣੇ!

- ਸਾਰੇ ਬੀਜੇ ਗਏ ਬੀਜ ਫਸਲ ਨਹੀਂ ਦੇਣਗੇ।
- ਸਾਨੂੰ ਸਾਵਧਾਨ ਰਹਿਣਾ ਹੈ ਕਿ ਅਸੀਂ ਆਪਣਾ ਧਨ ਕਿੱਥੇ ਬੀਜਦੇ ਹਾਂ ਜਾਂ ਦਿੰਦੇ ਹਾਂ ਜਾਂ ਖਰਚ ਕਰਦੇ ਹਾਂ।
- ਜੇਕਰ ਤੁਸੀਂ ਚਾਹੁੰਦੇ ਹੋ ਕਿ ਜਿਸ ਬੀਜ ਨੂੰ ਤੁਸੀਂ ਬੀਜਿਆ ਹੈ, ਉਸ ਨੂੰ ਪ੍ਰਭੂ ਵਧਾਏ, ਤਾਂ ਲਾਜ਼ਮੀ ਹੈ ਕਿ ਤੁਸੀਂ ਇਸ ਨੂੰ ਉੱਥੇ ਦਓ ਜਿੱਥੇ ਉਹ, ਮਾਲਕ, ਅਗਵਾਈ ਕਰਦਾ ਹੈ। ਵੈਸੇ ਵੀ ਤਾਂ ਇਹ ਉਸੇ ਦਾ ਬੀਜ / ਧਨ ਹੈ। ਅਸੀਂ ਤਾਂ ਬਸ ਵਫਾਦਾਰ, ਆਗਿਆਕਾਰੀ, ਪ੍ਰਬੰਧਕ ਹਾਂ।

2 ਕੁਰਿੰਥੀਆਂ 9:7-15 ਹਰੇਕ ਜਿਵੇਂ ਉਹ ਨੇ **ਦਿਲ ਵਿੱਚ ਧਾਰਿਆ ਹੈ** ਤਿਵੇਂ ਕਰੇ, ਰੰਜ ਨਾਲ ਅਥਵਾ ਲਚਾਰੀ ਨਾਲ ਨਹੀਂ ਕਿਉਂ ਜੋ ਪਰਮੇਸ਼ਰ ਖੁਸ਼ੀ ਨਾਲ ਦੇਣ ਵਾਲੇ ਨੂੰ ਪਿਆਰ ਕਰਦਾ ਹੈ।

- ਇਹ ਫੈਸਲਾ ਤੁਹਾਡਾ ਹੈ ਕਿ ਤੁਸੀਂ ਕਿੰਨਾ ਦਿੰਦੇ ਹੋ
- ਤੁਸੀਂ ਇਸ ਕਰਕੇ ਦਓ ਕਿਉਂਕਿ ਤੁਸੀਂ ਪ੍ਰਭੂ ਯਿਸੂ ਨੂੰ ਅਤੇ ਜੋ ਉਸ ਨੇ ਤੁਹਾਡੇ ਲਈ ਕੀਤਾ ਹੈ ਉਸ ਨੂੰ ਪ੍ਰੇਮ ਕਰਦੇ ਹੋ।
- ਅਤੇ ਜਦ ਤੁਸੀਂ ਇਸ ਤਰ੍ਹਾਂ ਦਿੰਦੇ ਹੋ . . .

(8) ਅਤੇ ਪਰਮੇਸ਼ਰ ਤੁਹਾਡੇ ਉੱਤੇ ਸਾਰੀ ਕਿਰਪਾ ਬਹੁਤੀ ਕਰ ਸੱਕਦਾ ਹੈ ਭਈ ਹਰ ਪਰਕਾਰ ਨਾਲ **ਸਦਾ
ਸਭ ਕੁਝ ਤੁਹਾਡੇ ਕੋਲ ਹੋਵੇ** ਕਿ ਹਰ ਸ਼ੁਭ ਕਰਮ ਲਈ ਤੁਹਾਡੇ ਕੋਲ **ਵਾਫ਼ਰ** ਭੀ ਹੋਵੇ। (9) ਜਿਵੇਂ ਲਿਖਿਆ
ਹੋਇਆ ਹੈ-ਉਹ ਨੇ ਖਿੰਡਾਇਆ, ਕੰਗਾਲਾਂ ਨੂੰ ਦਿੱਤਾ, ਉਹ ਦਾ ਧਰਮ ਸਦਾ ਤੀਕ ਬਣਿਆ ਰਹਿੰਦਾ ਹੈ। (10)
ਅਤੇ ਜਿਹੜਾ ਬੀਜਣ ਵਾਲੇ ਨੂੰ ਬੀ ਅਰ ਖਾਣ ਲਈ ਰੋਟੀ ਦਿੰਦਾ ਹੈ ਉਹ ਤੁਹਾਨੂੰ ਬੀਜਣ ਲਈ ਬੀ **ਦੇਵੇਗਾ**
ਅਤੇ **ਉਹ ਦਾ ਵਾਧਾ ਕਰੇਗਾ ਅਤੇ ਤੁਹਾਡੇ** ਧਰਮ ਦੇ **ਫਲ ਨੂੰ ਵਧਾਵੇਗਾ।** (11) ਜੋ ਤੁਸੀਂ ਸਭਨਾਂ ਗੱਲਾਂ ਵਿੱਚ

**ਹਰ ਪਰਕਾਰ ਦੀ ਸਖਾਵਤ ਲਈ ਧਨੀ ਹੋ** ਜਾਓ ਜਿਹੜੀ ਸਾਡੇ ਰਾਹੀਂ ਪਰਮੇਸ਼ਰ ਦੇ ਧੰਨਵਾਦ ਲਈ ਗੁਣਕਾਰੀ ਹੈ। (12) ਕਿਉਂ ਜੋ ਇਸ ਸੇਵਕਾਈ ਦਾ ਪੁੰਨ ਨਾ ਕੇਵਲ ਸੰਤਾਂ ਦੀਆਂ ਥੁੜਾਂ ਨੂੰ ਪੂਰਿਆਂ ਕਰਦਾ ਸਗੋਂ ਪਰਮੇਸ਼ਰ ਦਿਆਂ ਬਹੁਤਿਆਂ ਧੰਨਵਾਦਾਂ ਦੇ ਰਾਹੀਂ ਵਧਦਾ ਭੀ ਜਾਂਦਾ ਹੈ। (13) ਕਿਉਂ ਜੋ ਤੁਹਾਡੀ ਇਸ ਸੇਵਕਾਈ ਦਾ ਪਰਮਾਣ ਪਾ ਕੇ ਓਹ ਇਸ ਲਈ ਪਰਮੇਸ਼ਰ ਦੀ ਵਡਿਆਈ ਕਰਦੇ ਹਨ ਭਈ ਤੁਸੀਂ ਮਸੀਹ ਦੀ ਖੁਸ਼ ਖਬਰੀ ਦੇ **ਕਰਾਰ ਵਿੱਚ** ਅਧੀਨ ਹੋ ਅਤੇ **ਉਨ੍ਹਾਂ ਲਈ ਸਗੋਂ ਸਭਨਾਂ ਲਈ ਦਾਨ ਸਖਾਵਤ ਨਾਲ ਦਿੰਦੇ ਹੋ।** (14) ਅਤੇ ਓਹ ਆਪ ਤੁਹਾਡੇ ਲਈ ਬੇਨਤੀ ਕਰਦਿਆਂ ਪਰਮੇਸ਼ਰ ਦੀ ਅੱਤ ਕਿਰਪਾ ਦੇ ਕਾਰਨ ਜਿਹੜੀ ਤੁਹਾਡੇ ਉੱਤੇ ਹੋਈ ਹੈ ਤੁਹਾਨੂੰ ਬਹੁਤੇ ਲੋਚਦੇ ਹਨ। (15) ਧੰਨਵਾਦ ਹੈ ਪਰਮੇਸ਼ਰ ਦਾ ਉਹ ਦੇ ਉਸ ਦਾਨ ਲਈ ਜਿਹੜਾ ਕਹਿਣ ਤੋਂ ਬਾਹਰ ਹੈ।

ਲੂਕਾ 6:38 **ਦਿਓ** ਤਾਂ **ਤੁਹਾਨੂੰ ਦਿੱਤਾ ਜਾਵੇਗਾ,** ਪੂਰਾ ਮੇਪ ਦੱਬ ਦੱਬ ਕੇ ਹਿਲਾ ਹਿਲਾ ਕੇ ਅਤੇ ਡੁਲ੍ਹਦਾ ਹੋਇਆ ਤੁਹਾਡੇ ਪੱਲੇ ਪਾਉਣਗੇ ਕਿਉਂਕਿ **ਜਿਸ ਮਾਪ ਨਾਲ ਤੁਸੀਂ ਮਿਣਦੇ ਹੋ ਉਸੇ ਨਾਲ ਤੁਹਾਡੇ ਲਈ ਮੁੜ ਮਿਣਿਆ ਜਾਵੇਗਾ।**

ਸਾਡਾ ਪਿਤਾ ਇੱਕ ਦਾਨੀ ਹੈ (ਯੂਹੰਨਾ 3:16) ਅਤੇ ਅਸੀਂ ਉਸ ਦੀ ਸੰਤਾਨ ਹਾਂ, ਤਾਂ ਸਾਨੂੰ ਉਸੇ ਵਰਗਾ ਬਣਨਾ ਹੈ। ਸਾਨੂੰ ਦਾਨੀ ਬਣਨਾ ਹੈ।

ਦੇਣਾ ਇੱਕ 'ਕੁੰਜੀ' ਹੈ ਜੋ ਸਵਰਗ ਦਿਆਂ ਝਰੋਖਿਆਂ ਨੂੰ ਖੋਲ੍ਹ ਦਿੰਦੀ ਹੈ ਕਿ ਸਾਡੇ ਉੱਤੇ ਅਸੀਸਾਂ ਉੱਤਰ ਆਉਣ।

ਤੁਹਾਡੇ ਭਵਿੱਖ ਦੀ ਖੁਸ਼ਹਾਲੀ ਦੀ ਕੁੰਜੀ ਤੁਹਾਡੇ ਹੱਥ ਹੈ।

ਕਹਾਉਤਾਂ 8:20-21 ਮੈਂ **ਧਰਮ ਦੇ ਮਾਰਗ** ਵਿੱਚ, ਅਤੇ **ਨਿਆਉਂ ਦੇ ਪਹਿਆਂ** ਦੇ ਵਿਚਕਾਰ ਤੁਰਦੀ ਹਾਂ, (21) **ਤਾਂ ਜੋ ਆਪਣੇ ਪ੍ਰੇਮੀਆਂ ਨੂੰ ਧਨ ਦੇ ਵਾਰਸ ਬਣਾਵਾਂ**, ਅਤੇ ਉਨ੍ਹਾਂ ਦੇ ਖ਼ਜ਼ਾਨੇ **ਭਰ ਦਿਆਂ।**